ਵੈਲਕੰਮ ਪਾਲਸੀ (**WELCOME POLICY**) ਕੀ ਹੈ**?**

ਵੈਲਕੰਮ ਪਾਲਸੀ ਉਨ੍ਹਾਂ ਲੋਕਾਂ ਲਈ ਆਰਥਿਕ ਸਹਾਇਤਾ ਮੁਹੱਈਆ ਕਰਦੀ ਹੈ ਜਿੰਨਾਂ ਦੀਆਂ ਆਮਦਨੀਆਂ ਘੱਟ ਹਨ ਤਾਂ ਕਿ ਉਹ ਸਿਟੀ ਆਫ ਟੋਰੋਂਟੋ ਦੇ ਕਿਸੇ ਵੀ ਕਮਿਯੂਨਿਟੀ ਸੈਂਟਰ ਵਿੱਚ ਮਨੋਰੰਜਨ ਪ੍ਰੋਗਰਾਮਾਂ ਵਿੱਚ ਭਾਗ ਲੈ ਸਕਣ। ਯੋਗ ਪਰਿਵਾਰਾਂ ਅਤੇ ਵਿਅਕਤੀਆਂ ਨੂੰ ਸਲਾਨਾ ਕ੍ਰੈਡਿਟ ਮਿਲਦਾ ਹੈ ਜਿਸ ਦੀ ਵਰਤੋਂ ਉਹ ਮਨੋਰੰਜਨ ਪ੍ਰੋਗਰਾਮਾਂ ਲਈ ਪੰਜੀਕਰਨ (ਰਜਿਸਟਰ) ਕਰਨ ਲਈ ਵਰਤ ਸਕਦੇ ਹਨ।

ਵੈਲਕੰਮ ਪਾਲਸੀ ਲਈ ਸਲਾਨਾ ਉਧਾਰ (ਕ੍ਰੈਡਿਟ) ਦੀ ਰਕਮ ਕੀ ਹੈ**?**

ਬੱਚੇ ਅਤੇ ਨੌਜਵਾਨ (0 ਤੋਂ 24 ਸਾਲ ਦੀ ਉਮਰ) $494 ਲਈ ਯੋਗ ਹਨ। ਬਾਲਗ (25 ਸਾਲ ਅਤੇ ਉਸ ਤੋਂ ਵੱਧ) $230 ਲਈ ਯੋਗ ਹਨ। ਕ੍ਰੈਡਿਟ ਤੁਹਾਡੇ ਮਨਜ਼ੂਰ ਹੋਣ ਦੀ ਤਰੀਕ ਤੋਂ 12 ਮਹੀਨਿਆਂ ਲਈ ਪ੍ਰਮਾਣਿਕ ਹੈ ਅਤੇ ਕਿਸੇ ਵੀ ਮਨੋਰੰਜਨ ਪ੍ਰੋਗਰਾਮ ਲਈ ਵਰਤਿਆ ਜਾ ਸਕਦਾ ਹੈ। ਸਾਰੇ ਮੌਸਮਾਂ ਲਈ ਯੋਜਨਾ ਬਣਾਉਣਾ ਯਾਦ ਰੱਖੋ: ਪੱਤਝੜ, ਸਰਦੀ, ਬਸੰਤ ਅਤੇ ਗਰਮੀ ਦੇ ਪ੍ਰੋਗਰਾਮ।

ਮੈਂ ਵੈਲਕੰਮ ਪਾਲਸੀ ਲਈ ਦਰਖਾਸਤ ਕਿਸ ਤਰ੍ਹਾਂ ਦੇਵਾਂ ?

ਜੇ ਤੁਸੀਂ ਸੋਸ਼ਲ ਅਸਿਸਟੈਂਸ ਪ੍ਰਾਪਤ ਕਰਦੇ ਹੋ ਅਤੇ ਟੋਰੋਂਟੋ ਵਿੱਚ ਰਹਿੰਦੇ ਹੋ ਤਾਂ ਤੁਸੀਂ ਪਹਿਲਾਂ ਤੋਂ ਹੀ ਮਨਜ਼ੂਰ ਹੋ ਅਤੇ ਤੁਹਾਡਾ ਕ੍ਰੈਡਿਟ ਹਰ ਸਾਲ ਮੁੜ ਕੇ ਨਵਾਂ ਕੀਤਾ ਜਾਂਦਾ ਹੈ। ਤੁਹਾਨੂੰ ਐਪਲੀਕੇਸ਼ਨ ਫਾਰਮ ਪੂਰਾ ਕਰਨ ਦੀ ਲੋੜ ਨਹੀਂ ਹੈ। ਆਪਣੇ ਕੇਸ ਵਰਕਰ ਦੇ ਨਾਲ ਗੱਲ ਕਰੋ।

ਜੇ ਤੁਸੀਂ ਸੋਸ਼ਲ ਅਸਿਸਟੈਂਸ ਪ੍ਰਾਪਤ ਨਹੀਂ ਕਰਦੇ ਹੋ, ਤਾਂ ਤੁਹਾਡੇ ਲਈ ਹਰ ਸਾਲ ਐਪਲੀਕੇਸ਼ਨ ਫਾਰਮ ਪੂਰਾ ਕਰਨਾ ਜ਼ਰੂਰੀ ਹੈ। ਦਰਖਾਸਤ ਦੇਣ ਵਾਸਤੇ ਯੋਗ ਹੋਣ ਲਈ ਤੁਹਾਡੇ ਲਈ ਜ਼ਰੂਰੀ ਹੈ :

- 18 ਸਾਲ ਜਾਂ ਉਸ ਤੋਂ ਵੱਧ ਉਮਰ ਦਾ ਹੋਣਾ
- ਟੋਰੋਂਟੋ ਵਿੱਚ ਰਹਿਣਾ
- ਟੈਕਸ ਤੋਂ ਪਹਿਲਾਂ ਸਟੈਟਿਸਟਿਕਸ ਕੈਨੇਡਾ ਲੋ ਇੰਨਕਮ ਕੱਟ ਆਫ, ਜੋ ਕਿ toronto.ca/wp ਤੇ ਦੇਖੀ ਜਾ ਸਕਦੀ ਹੈ, ਤੋਂ ਘੱਟ ਪਰਿਵਾਰਕ ਆਮਦਨੀ ਹੋਣਾ

ਅਰਜ਼ੀ ਫਾਰਮ ਪ੍ਰਾਪਤ ਕਰਨ ਦੇ ਤਿੰਨ ਤਰੀਕੇ ਹਨ :

- ਤੁਹਾਨੂੰ ਡਾਕ ਰਾਹੀਂ ਇੱਕ ਅਰਜ਼ੀ ਫਾਰਮ ਭੇਜੇ ਜਾਣ ਲਈ ਵੈਲਕੰਮ ਪਾਲਸੀ ਦੀ ਐਪਲੀਕੇਸ਼ਨ ਲਾਇਨ ਨੂੰ 416-338-2000 (ਟੀਟੀਵਾਈ 416-338- 3195) ਤੇ ਫੋਨ ਕਰੋ
- ਕਿਸੇ ਵੀ ਕਮਿਯੂਨਿਟੀ ਸੈਂਟਰ ਤੋਂ ਅਰਜ਼ੀ ਫਾਰਮ ਦੀ ਕਾਪੀ ਲਓ
- toronto.ca/wp ਤੋਂ ਅਰਜ਼ੀ ਫਾਰਮ ਦੀ ਕਾਪੀ ਡਾਉਨਲੋਡ ਕਰੋ

**ਮੈਂ ਆਪਣੀ ਅਰਜ਼ੀ ਕਿਵੇਂ ਦਾਖਲ ਕਰਾਂ?**

ਯਕੀਨੀ ਬਣਾਓ ਕਿ ਤੁਸੀਂ ਅਰਜ਼ੀ ਦੇ ਸਾਰੇ ਭਾਗ ਪੂਰੇ ਕਰਦੇ ਹੋ ਅਤੇ ਸਾਰੇ ਸਮਰਥਕ ਦਸਤਾਵੇਜਾਂ ਦੀਆਂ ਫੋਟੋਕਾਪੀਆਂ (ਅਸਲ ਕਾਪੀਆਂ ਨਾ ਭੇਜੋ) ਨਾਲ ਭੇਜਦੇ ਹੋ। ਸਵੀਕ੍ਰਿਤ ਸਮਰਥਕ ਦਸਤਾਵੇਜਾਂ ਦੀ ਸੂਚੀ ਲਈ, ਕਿਰਪਾ ਕਰਕੇ toronto.ca/wp ਤੇ ਜਾਓ ਜਾਂ 416-338-2000 (ਟੀਟੀਵਾਏ 416-338-3195) ਤੇ ਫੋਨ ਕਰੋ।

ਅਰਜ਼ੀ ਫਾਰਮ ਤੇ ਹਸਤਾਖਰ ਕਰੋ, ਸਮਰਥਕ ਦਸਤਾਵੇਜਾਂ ਦੀਆਂ ਕਾਪੀਆਂ ਨਾਲ ਨੱਥੀ ਕਰੋ ਅਤੇ ਭੇਜਣ ਲਈ ਇੱਕ ਢੰਗ ਚੁਣੋ:

- o ਡਾਕ ਰਾਹੀਂ ਸਿਟੀ ਆਫ ਟੋਰੋਂਟੋ, ਵੈਲਕੰਮ ਪਾਲਸੀ ਐਪਲੀਕੇਸ਼ਨ, 55 ਜੌਨ ਸਟ੍ਰੀਟ – ਮੇਲਰੂਮ, ਟੋਰੋਂਟੋ, ਓਨਟਾਰਿਓ ਐਮ5ਵੀ 3ਸੀ 6 (City of Toronto, Welcome Policy Application, 55 John St. – Mailroom, Toronto, Ontario M5V 3C6) ਤੇ ਭੇਜੋ।
- o ਆਪਣੀ ਪੂਰੀ ਕੀਤੀ ਹੋਈ ਅਰਜ਼ੀ ਨੂੰ ਕਿਸੇ ਵੀ ਟੋਰੋਂਟੋ ਏਮਪਲਾਏਮੈਂਟ ਐਂਡ ਸੋਸ਼ਲ ਸਰਵਿਸਿਜ਼ ਆਫਿਸ ਜਾਂ ਸਿਵਿਕ ਸੈਂਟਰ ਤੇ ਪਹੰਚਾਓ।

  416-338-5046 ਤੇ ਫੈਕਸ ਕਰੋ (ਕਿਰਪਾ ਕਰਕੇ ਨੋਟ ਕਰੋ ਕਿ ਫੈਕਸ ਕਰਨਾ ਜਾਣਕਾਰੀ ਭੇਜਣ ਦਾ ਸੁਰੱਖਿਅਤ ਤਰੀਕਾ ਨਹੀਂ ਹੈ)

ਮੈਨੂੰ ਕਿਵੇਂ ਪਤਾ ਲਗੇਗਾ ਜੇਕਰ ਮੈਨੂੰ ਮਨਜ਼ੂਰ ਕਰ ਲਿਆ ਗਿਆ ਹੈ?

ਤੁਹਾਡੀ ਪੂਰੀ ਕੀਤੀ ਅਰਜ਼ੀ ਅਤੇ ਸਮਰਥਕ ਦਸਤਾਵੇਜਾਂ ਦੀ ਸਮੀਖੀਆ ਕਰ ਲਏ ਜਾਣ ਦੇ ਬਾਅਦ, ਤੁਹਾਨੂੰ ਇਹ ਦੱਸਦੇ ਹੋਏ ਇੱਕ ਚਿੱਠੀ ਮਿਲੇਗੀ ਕਿ:

- o ਤੁਸੀਂ ਮਨਜ਼ੂਰ ਕਰ ਲਏ ਗਏ ਹੋ ਜਾਂ
- o ਤੁਹਾਨੂੰ ਹੋਰ ਜਾਣਕਾਰੀ ਮੁਹੱਈਆ ਕਰਨ ਦੀ ਲੋੜ ਹੈ ਜਾਂ
- o ਤੁਸੀਂ ਮਨਜ਼ੂਰ ਨਹੀਂ ਕੀਤੇ ਗਏ ਹੋ ਅਤੇ ਕਾਰਨ ਕਿਉਂ

- ਤੁਹਾਡਾ ਸਲਾਨਾ ਕ੍ਰੈਡਿਟ ਤੁਹਾਡੇ ਖਾਤੇ ਵਿੱਚ ਉਸੀ ਦਿਨ ਜੰਮ੍ਹਾਂ ਕਰ ਦਿੱਤਾ ਜਾਂਦਾ ਹੈ ਜਿਸ ਦਿਨ ਤੁਹਾਡੀ ਅਰਜ਼ੀ ਮਨਜ਼ੂਰ ਕੀਤੀ ਜਾਂਦੀ ਹੈ।

ਪ੍ਰੋਗਰਾਮਾਂ ਲਈ ਪੰਜੀਕਰਨ (ਰਜਿਸਟ੍ਰੇਸ਼ਨ) ਕਰਵਾਉਣਾ

ਮਨੋਰੰਜਨ ਪ੍ਰੋਗਰਾਮਾਂ ਲਈ ਪੰਜੀਕਰਨ ਮਿਤੀਆਂ ਸਿਤੰਬਰ, ਦਿਸੰਬਰ, ਮਾਰਚ ਅਤੇ ਜੂਨ ਵਿੱਚ ਹਨ। ਇਹ ਪਤਾ ਕਰਨ ਲਈ ਕਿ ਤੁਹਾਡੇ ਡਿਸਟਰਿਕਟ ਵਿੱਚ ਪੰਜੀਕਰਨ ਖੁੱਲਣਾ ਕਦੋਂ ਨਿਯਤ ਹੈ toronto.ca/torontofun ਤੇ ਜਾਓ ਜਾਂ 311 ਤੇ ਫੋਨ ਕਰੋ।

ਪੰਜੀਕਰਨ ਕਰਨਾ 1,2,3 ਦੀ ਤਰ੍ਹਾਂ ਅਸਾਨ ਹੈ !

ਚਰਣ 1: ਫੈਮਲੀ ਅਤੇ ਕਲਾਇੰਟ ਨੰਬਰ ਪ੍ਰਾਪਤ ਕਰੋ

ਮਨੋਰੰਜਨ ਪ੍ਰੋਗਰਾਮਾਂ ਲਈ ਨਾਮ ਦਰਜ ਕਰਵਾਉਣ ਲਈ, ਤੁਹਾਨੂੰ ਇੱਕ ਫੈਮਲੀ ਨੰਬਰ ਅਤੇ ਪਰਿਵਾਰ ਦੇ ਹਰੇਕ ਸਦੱਸ ਲਈ ਕਲਾਇੰਟ ਨੰਬਰਾਂ ਦੀ ਲੋੜ ਹੋਏਗੀ। ਤੁਹਾਡੇ ਦੁਆਰਾ ਪ੍ਰਾਪਤ, ਇਹ ਦੱਸਦੀ ਹੋਈ ਪੁਸ਼ਟੀਕਰਨ ਚਿੱਠੀ ਕਿ ਤੁਸੀਂ ਵੈਲਕੰਮ ਪਾਲਸੀ ਲਈ ਮਨਜ਼ੂਰ ਕਰ ਲਏ ਗਏ ਹੋ, ਵਿੱਚ ਇਹ ਜਾਣਕਾਰੀ ਸ਼ਾਮਲ ਹੋਏਗੀ।

ਚਰਣ 2: ਪ੍ਰੋਗਰਾਮ ਚੁਣੋ

ਉਹ ਪ੍ਰੋਗਰਾਮ ਜਿੰਨਾਂ ਵਾਸਤੇ ਤੁਸੀਂ ਪੰਜੀਕਰਨ ਕਰਨਾ ਚਾਹੁੰਦੇ ਹੋ ਬਾਰੇ ਜਾਣਨ ਅਤੇ ਚੁਣਨ ਲਈ ਅਤੇ ਤੁਹਾਡੇ ਡਿਸਟਰਿਕਟ ਦਾ ਪੰਜੀਕਰਨ ਕਦੋਂ ਖੁੱਲੇਗਾ ਦਾ ਪਤਾ ਕਰਨ ਲਈ toronto.ca/torontofun ਤੇ ਆਨਲਾਇਨ ਜਾਂ ਸਿਟੀ ਹਾਲ, ਸਿਵਿਕ ਸੈਂਟਰਾਂ, ਕਮਿਯੂਨਿਟੀ ਸੈਂਟਰਾਂ ਅਤੇ ਲਾਇਬ੍ਰੇਰੀਆਂ ਵਿੱਚ ਮਿਲਣ ਵਾਲੀਆਂ ਫੰਨ ਗਾਇਡ ਪ੍ਰੋਗਰਾਮ ਸੂਚੀਆਂ ਜਾਂਚੋ।

ਚਰਣ 3: ਸਮੇਂ ਸਿਰ ਪੰਜੀਕਰਨ ਕਰੋ

ਬਹੁਤ ਸਾਰੇ ਪ੍ਰੋਗਰਾਮ ਜਲਦੀ ਭਰ ਜਾਂਦੇ ਹਨ।

ਆਪਣੇ ਫੈਮਲੀ ਅਤੇ ਕਲਾਇੰਟ ਨੰਬਰ ਅਤੇ ਪ੍ਰੋਗਰਾਮ ਚੋਣਾਂ ਤਿਆਰ ਰੱਖਣਾ ਯਕੀਨੀ ਬਣਾਓ।

ਪੰਜੀਕਰਨ ਕਰਨ ਦੇ ਚਾਰ ਤਰੀਕੇ ਹਨ:

- ਆਨਲਾਇਨ (ਇੰਟਰਨੈੱਟ): toronto.ca/torontofun ਤੇ ਜਾਓ। ਆਨਲਾਇਨ ਪੰਜੀਕਰਨ ਕਰਨਾ ਪ੍ਰੋਗਰਾਮਾਂ ਲਈ ਨਾਮ ਦਰਜ ਕਰਵਾਉਣ ਦਾ ਸਭ ਤੋਂ ਤੇਜ ਅਤੇ ਸਭ ਤੋਂ ਅਸਾਨ ਤਰੀਕਾ ਹੈ।
- ਫੋਨ ਰਾਹੀਂ : 416-338-0000 ਤੇ ਟੱਚ ਟੋਨ (Touch Tone) ਪੰਜੀਕਰਨ (ਟੀਟੀਆਰ - TTR)
- ਓਪਰੇਟਰ ਦੀ ਸਹਾਇਤਾ ਨਾਲ : ਕਸਟਮਰ ਸਰਵਿਸ ਪ੍ਰਤਿਨਿਧੀ ਦੇ ਰਾਹੀਂ ਪੰਜੀਕਰਨ ਕਰਨ ਲਈ 416-338-4386 ਤੇ ਫੋਨ ਕਰੋ
- ਆਪ ਜਾ ਕੇ ਪੰਜੀਕਰਨ ਕਰਨਾ (IN PERSON): ਚੋਣਵੇਂ ਸਥਾਨਾਂ ਤੇ ਆਪ ਜਾ ਕੇ ਪੰਜੀਕਰਨ ਕਰੋ। ਸਥਾਨਾਂ ਦੀ ਸੂਚੀ ਲਈ toronto.ca/parks/registration ਤੇ ਜਾਓ, 311 ਤੇ ਫੋਨ ਕਰੋ ਜਾਂ ਆਪਣੇ ਸਥਾਨਕ ਕਮਿਯੂਨਿਟੀ ਸੈਂਟਰ ਦੇ ਕਰਮਚਾਰੀਆਂ ਨਾਲ ਗੱਲ ਕਰੋ।

ਆਪਣੀ ਵੈਲਕੰਮ ਪਾਲਸੀ ਦਾ ਵੱਧ ਤੋਂ ਵੱਧ ਫਾਇਦਾ ਉਠਾਉਣ ਲਈ ਟੋਟਕੇ

- ਪਰਿਵਾਰਾਂ ਕੋਲ ਆਪਣੀਆਂ ਮਨੋਰੰਜਨ ਸੰਬੰਧੀ ਲੋੜਾਂ ਅਤੇ ਮੁਹੱਈਆ ਕੀਤੇ ਗਏ ਅਨੁਦਾਨ ਨੂੰ ਉਚਿਤ ਤਰੀਕੇ ਨਾਲ ਕਿਵੇਂ ਵਰਤਣਾ ਹੈ ਨਿਰਧਾਰਤ ਕਰਨ ਦੀ ਲਚਕ ਹੈ। ਯਾਦ ਰੱਖਣ ਵਾਲੀ ਮਹੱਤਵਪੂਰਨ ਚੀਜ਼ ਇਹ ਹੈ ਕਿ ਅਨੁਦਾਨ ਦੀ ਸਲਾਨਾ ਰਕਮ ਦਾ ਪੂਰੇ 12 ਮਹੀਨਿਆਂ ਤੱਕ ਚੱਲਣਾ ਜ਼ਰੂਰੀ ਹੈ।
- ਅਨੰਦ ਮਾਣੋ ਅਤੇ ਪ੍ਰੋਗਰਾਮਾਂ ਵਿੱਚ ਮਜ਼ਾ ਲਓ, ਪਰ ਜੇ ਤੁਸੀਂ ਉਸ ਪ੍ਰੋਗਰਾਮ ਵਿੱਚ ਹਾਜ਼ਰ ਨਹੀਂ ਰਹਿ ਸਕਦੇ ਜਿਸ ਲਈ ਤੁਸੀਂ ਪੰਜੀਕਰਨ ਕੀਤਾ ਹੈ, ਤਾਂ ਜਿੰਨੀ ਜਲਦੀ ਸੰਭਵ ਹੋਏ ਸਿਟੀ ਆਫ ਟੋਰੋਂਟੋ ਨੂੰ ਦਸੋ। ਪ੍ਰੋਗਰਾਮ ਲੋਕਪ੍ਰਿਯ ਹਨ ਅਤੇ ਬਹੁਤ ਸਾਰਿਆਂ ਲਈ ਉਡੀਕ ਸੂਚੀਆਂ ਹੁੰਦੀਆਂ ਹਨ। ਜੇ ਤੁਸੀਂ ਪ੍ਰੋਗਰਾਮ ਵਿੱਚ ਹਾਜ਼ਰ ਹੋਣ ਤੋਂ ਅਸਮਰੱਥ ਹੋ, ਤਾਂ ਕਿਰਪਾ ਕਰਕੇ ਆਪਣੇ ਕਮਿਯੂਨਿਟੀ ਸੈਂਟਰ ਨੂੰ 416-3384386 ਤੇ ਫੋਨ ਕਰੋ ਤਾਂ ਕਿ ਉਹ ਸਥਾਨ ਕਿਸੇ ਹੋਰ ਨੂੰ ਪੇਸ਼ ਕੀਤਾ ਜਾ ਸਕੇ। ਕ੍ਰੈਡਿਟ ਨੂੰ ਤੁਹਾਡੇ ਵੈਲਕੰਮ ਪਾਲਸੀ ਕ੍ਰੈਡਿਟ ਬੈਲੈਂਸ ਵਿੱਚ ਵਾਪਸ ਜੰਮ੍ਹਾ ਕਰ ਦਿੱਤਾ ਜਾਏਗਾ।

ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਆਪਣੇ ਸਥਾਨਕ ਕਮਿਯੂਨਿਟੀ ਸੈਂਟਰ ਦੇ ਕਰਮਚਾਰੀਆਂ ਨਾਲ ਗੱਲ ਕਰੋ।